# ਆਈ.ਜੀ.ਆਰ.ਏ. ਟੀ.ਬੀ. ਖ਼ੂਨ ਟੈੱਸਟ (ਆਈ.ਜੀ.ਆਰ.ਏ.ਐੱਸ)
# IGRA TB Blood Test

## ਕੀ ਤੁਹਾਨੂੰ ਖ਼ਤਰਾ ਹੈ? (Are you at risk?)

ਚਮੜੀ ਦਾ ਟੀ.ਬੀ. ਟੈੱਸਟ ਟੀ.ਬੀ. ਦੀ ਇਨਫ਼ੈਕਸ਼ਨ ਲਈ ਕੀਤਾ ਜਾਂਦਾ ਹੈ। ਕੁੱਝ ਹਾਲਤਾਂ ਵਿਚ ਆਈ.ਜੀ.ਆਰ.ਏ. ਟੀ.ਬੀ. ਖ਼ੂਨ ਟੈੱਸਟ ਕੁੱਝ ਜ਼ਿਆਦਾ ਜਾਣਕਾਰੀ ਦੇ ਸਕਦਾ ਹੈ। ਜੇ ਕਰ ਤੁਹਾਨੂੰ ਟੀ.ਬੀ. ਦੀ ਬਿਮਾਰੀ **ਹੋਣ ਦਾ ਖ਼ਤਰਾ ਹੋਵੇ** ਜਾਂ ਟੀ.ਬੀ. ਹੋਵੇ ਤਾਂ ਤੁਹਾਨੂੰ ਆਈ.ਜੀ.ਆਰ.ਏ. ਟੀ.ਬੀ. ਖ਼ੂਨ ਟੈੱਸਟ ਲਈ ਕਿਹਾ ਜਾ ਸਕਦਾ ਹੈ। ਕੁੱਝ ਹਾਲਤਾਂ ਵਿਚ ਦੋਵੇਂ ਟੈੱਸਟ ਕੀਤੇ ਜਾ ਸਕਦੇ ਹਨ। ਕਦੀ ਕਦਾਈਂ ਟੀ.ਬੀ. ਚਮੜੀ ਦੇ ਟੈੱਸਟ ਨੂੰ ਤਰਜੀਹ ਦਿੱਤੀ ਜਾਂਦੀ ਹੈ (ਜਿਵੇਂ ਕਿ ਜਦੋਂ ਦੁਬਾਰਾ ਟੈੱਸਟ ਦੀ ਲੋੜ ਹੋਵੇ)।

ਆਈ.ਜੀ.ਆਰ.ਏ. ਟੀ.ਬੀ. ਖ਼ੂਨ ਟੈੱਸਟ ਦੀ ਉਨ੍ਹਾਂ ਲੋਕਾਂ ਲਈ **ਸਿਫ਼ਾਰਸ਼** ਕੀਤੀ ਜਾਂਦੀ ਹੈ ਜਿਨ੍ਹਾਂ ਦਾ:

- ਟੀ.ਬੀ. ਖ਼ੂਨ ਟੈੱਸਟ ਪਾਜ਼ੇਟਿਵ ਹੈ ਅਤੇ ਜਿਨ੍ਹਾਂ ਨੂੰ ਬੀ.ਸੀ.ਜੀ. ਵੈਕਸੀਨ ਦਿੱਤਾ ਗਿਆ ਸੀ।
- ਟੀ.ਬੀ. ਖ਼ੂਨ ਟੈੱਸਟ ਨੈਗੇਟਿਵ ਹੈ ਅਤੇ ਇਮਿਊਨ ਸਿਸਟਮ ਕਮਜ਼ੋਰ ਹੈ।
- ਕੋਈ ਖ਼ਾਸ ਇਲਾਜ ਹੋਇਆ ਹੈ (ਜਿਵੇਂ ਕਿ ਨਵਾਂ ਡਾਇਲੈਸਿਸ ਜਾਂ ਕੋਈ ਟਰਾਂਸਪਲਾਂਟ ਹੋਇਆ ਹੈ)।

## ਟੀ.ਬੀ. ਕਿਵੇਂ ਫੈਲਦੀ ਹੈ? (How is TB spread?)



ਟੀ.ਬੀ. ਦੇ ਜਰਮ ਇੱਕ ਵਿਅਕਤੀ ਤੋਂ ਦੂਸਰੇ ਵਿਚ ਹਵਾ ਰਾਹੀਂ ਫੈਲਦੇ ਹਨ ਜਦੋਂ ਉਹ ਮਰੀਜ਼ ਖੰਘਦਾ ਹੈ ਜਿਸ ਦੇ ਫੇਫੜਿਆਂ ਵਿਚ **ਟੀ.ਬੀ. ਦੀ ਬਿਮਾਰੀ ਹੈ।** ਜੇ ਤੁਸੀਂ ਐਸੀ ਹਵਾ ਵਿਚ ਸਾਹ ਲੈਂਦੇ ਹੋ ਜਿਸ ਵਿਚ ਟੀ.ਬੀ. ਦੇ ਜਰਮ ਹਨ ਤਾਂ ਤੁਸੀਂ ਟੀ.ਬੀ. ਦੇ ਜਰਮਾਂ ਨਾਲ ਪ੍ਰਭਾਵਤ ਹੋ ਸਕਦੇ ਹੋ ਅਤੇ ਤੁਹਾਡੇ ਵਿਚ ਲੇਟੈਂਟ ਟੀ.ਬੀ. ਦੀ ਇਨਫੈਕਸ਼ਨ ਜਾਂ ਐਕਟਿਵ ਟੀ.ਬੀ. ਦੀ ਬਿਮਾਰੀ ਹੋ ਸਕਦੀ ਹੈ।



**ਲੇਟੈਂਟ ਟੀ.ਬੀ. ਇਨਫੈਕਸ਼ਨ** ਉਦੋਂ ਹੁੰਦੀ ਹੈ ਜਦੋਂ ਸਾਹ ਰਾਹੀਂ ਟੀ.ਬੀ. ਦੇ ਜਰਮ ਤੁਹਾਡੇ ਫੇਫੜਿਆਂ ਵਿਚ ਜਾਂਦੇ ਹਨ ਅਤੇ ਤੁਹਾਡਾ ਇਮਿਊਨ ਸਿਸਟਮ ਟੀ.ਬੀ. ਦੇ ਜਰਮਾਂ ਨੂੰ ਫੈਲਣ ਤੋਂ **ਰੋਕਦਾ ਹੈ** ਅਤੇ ਤੁਸੀਂ ਬਿਮਾਰ ਹੁੰਦੇ ਹੋ। ਟੀ.ਬੀ. ਦੇ ਜਰਮ ਨਿਸਚਲਤਾ (ਲੇਟੈਂਟ) ਦੀ ਅਵਸਥਾ ਵਿਚ ਹੁੰਦੇ ਹਨ। ਲੇਟੈਂਟ ਟੀ.ਬੀ. ਵਾਲੇ ਮਰੀਜ਼ ਬਿਮਾਰ ਮਹਿਸੂਸ ਨਹੀਂ ਕਰਦੇ ਅਤੇ ਨਾਂ ਹੀ ਉਨ੍ਹਾਂ ਵਿਚ ਕੋਈ ਬਿਮਾਰੀ ਦੇ ਲੱਛਣ ਹੁੰਦੇ ਹਨ। ਉਹ ਦੂਸਰੇ ਲੋਕਾਂ ਵਿਚ ਟੀ.ਬੀ. **ਨਹੀਂ** ਫੈਲਾਅ ਸਕਦੇ। ਅਸਲ ਵਿਚ ਉਨ੍ਹਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਨ੍ਹਾਂ ਦੇ ਸਰੀਰ ਵਿਚ ਜਰਮ ਹਨ ਜਦ ਤੱਕ ਉਨ੍ਹਾਂ ਦਾ ਟੀ.ਬੀ. ਚਮੜੀ ਦਾ ਟੈੱਸਟ ਜਾਂ ਖ਼ੂਨ ਦਾ ਟੈੱਸਟ ਨਹੀਂ ਹੁੰਦਾ।



**ਐਕਟਿਵ ਟੀ.ਬੀ. ਬਿਮਾਰੀ** ਉਦੋਂ ਹੁੰਦੀ ਹੈ ਜਦੋਂ ਸਾਹ ਰਾਹੀਂ ਟੀ.ਬੀ. ਦੇ ਜਰਮ ਤੁਹਾਡੇ ਫੇਫੜਿਆਂ ਵਿਚ ਜਾਂਦੇ ਹਨ ਅਤੇ ਤੁਹਾਡਾ ਇਮਿਊਨ ਸਿਸਟਮ ਟੀ.ਬੀ. ਦੇ ਜਰਮਾਂ ਫੈਲਣ ਤੋਂ ਨੂੰ **ਨਹੀਂ ਰੋਕ ਸਕਦਾ** ਅਤੇ ਤੁਸੀਂ ਬਿਮਾਰ ਹੁੰਦੇ ਹੋ।

**ਐਕਟਿਵ ਟੀ.ਬੀ. ਬਿਮਾਰੀ** ਦੀਆਂ ਨਿਸ਼ਾਨੀਆਂ ਅਤੇ ਲੱਛਣ ਇਹ ਹਨ: 2-3 ਹਫ਼ਤੇ ਜਾਂ ਜ਼ਿਆਦਾ ਹਫ਼ਤਿਆਂ ਤੱਕ ਖਾਂਸੀ, ਥੁੱਕ ਵਿਚ ਖ਼ੂਨ, ਬੁਖ਼ਾਰ, ਰਾਤੀਂ ਪਸੀਨਾ ਆਉਣਾ, ਭੁੱਖ ਘਟਣੀ, ਬਿਨਾ ਵਜਾ ਭਾਰ ਘਟਣਾ, ਥਕਾਵਟ, ਛਾਤੀ ਵਿਚ ਦਰਦ ਅਤੇ ਸਾਹ ਫੁੱਲਣਾ।



## ਟੀ.ਬੀ. ਖ਼ੂਨ ਟੈਸਟ ਕਿਉਂ ਕਰਵਾਇਆ ਜਾਏ? (Why get a TB Blood Test?)

ਜੇ ਤੁਹਾਨੂੰ ਪਹਿਲਾਂ ਬੀ.ਸੀ.ਜੀ. ਵੈਕਸੀਨ ਲਗਾ ਹੈ ਤਾਂ ਆਈ.ਜੀ.ਆਰ.ਏ. ਟੀ.ਬੀ. ਖ਼ੂਨ ਟੈਸਟ ਚਮੜੀ ਦੇ ਭਰਮਪੂਰਨ ਪਾਜਿਟਿਵ ਖ਼ੂਨ ਟੈਸਟ ਨੂੰ ਨਕਾਰ ਸਕਦਾ ਹੈ। ਆਈ.ਜੀ.ਆਰ.ਏ. ਟੀ.ਬੀ. ਖ਼ੂਨ ਟੈੱਸਟ ਚਮੜੀ ਦੇ ਭਰਮਪੂਰਨ ਨੈਗੇਟਿਵ ਖ਼ੂਨ ਟੈਸਟ ਨੂੰ ਨਕਾਰਨ ਵਿਚ ਵੀ ਮਦਦ ਕਰਦਾ ਹੈ ਜੇ ਕਰ ਤੁਹਾਡਾ ਇਮਿਊਨ ਸਿਸਟਮ ਕਮਜ਼ੋਰ ਹੈ। ਆਈ.ਜੀ.ਆਰ.ਏ. ਟੀ.ਬੀ. ਖ਼ੂਨ ਟੈੱਸਟ ਇਹ ਦੱਸਣ ਵਿਚ ਤੁਹਾਡੀ ਮਦਦ ਕਰੇਗਾ ਕਿ ਤੁਹਾਡੇ ਖ਼ੂਨ ਵਿਚ ਟੀ.ਬੀ. ਦੇ ਜਰਮ ਹਨ ਜਾਂ ਨਹੀਂ।

ਟੀ.ਬੀ. ਦੇ ਜਰਮ ਨਿਸਚਲ ਅਵਸਥਾ ਵਿਚ ਸਾਰੀ ਉਮਰ ਤੁਹਾਡੇ ਸਰੀਰ ਵਿਚ ਰਹਿ ਸਕਦੇ ਹਨ ਜਾਂ ਇਹ ਕਿਰਿਆਸ਼ੀਲ ਹੋ ਕੇ ਵਧ ਸਕਦੇ ਹਨ ਅਤੇ ਐਕਟਿਵ ਟੀ.ਬੀ. ਦੀ ਬਿਮਾਰੀ ਨਾਲ ਤੁਹਾਨੂੰ ਬਿਮਾਰ ਕਰ ਸਕਦੇ ਹਨ। ਇਹ ਪਤਾ ਕਰਨ ਦਾ ਕੋਈ ਤਰੀਕਾ ਨਹੀਂ ਕਿ ਐਸਾ ਕਿਉਂ ਅਤੇ ਕਦੋਂ ਹੋਵੇ। ਵਿਅਕਤੀ ਦਾ ਇਮਿਊਨ ਸਿਸਟਮ ਕਮਜ਼ੋਰ ਹੋਣ ਨਾਲ ਐਸਾ ਹੋਣ ਦੇ ਚਾਂਸ ਵਧ ਜਾਂਦੇ ਹਨ, ਕਿਉਂਕਿ  ਇਮਿਊਨ ਸਿਸਟਮ ਹੀ ਟੀ.ਬੀ. ਦੇ ਜਰਮਾਂ ਨੂੰ ਨਿਸਚਲ ਹਾਲਤ ਵਿਚ ਰੱਖਦਾ ਹੈ ਅਤੇ ਉਨ੍ਹਾਂ ਨੂੰ ਵਧਣ ਤੋਂ ਰੋਕਦਾ ਹੈ।
ਜੇ ਕਰ ਤੁਹਾਨੂੰ ਲੇਟੈਂਟ ਇਨਫੈਕਸ਼ਨ ਹੈ ਤਾਂ ਆਪਣੀ ਨਰਸ ਜਾਂ ਡਾਕਟਰ ਨਾਲ ਗਲ ਕਰੋ ਕਿ ਐਕਟਿਵ ਟੀ.ਬੀ. ਹੋਣ ਤੋਂ ਕਿਵੇਂ ਬਚਿਆ ਜਾ ਸਕਦਾ ਹੈ।

## ਮੈਂ ਟੀ.ਬੀ. ਖ਼ੂਨ ਟੈੱਸਟ ਕਿੱਥੋਂ ਕਰਵਾ ਸਕਦਾ ਹਾਂ?(Where do I get a TB blood test?)

ਇਹ ਟੈੱਸਟ ਕਰਨ ਲਈ ਕਲੀਨਿਕ ਵਿਚ ਖ਼ਾਸ ਸਿਖਲਾਈ ਦੀ ਜ਼ਰੂਰਤ ਹੁੰਦੀ ਹੈ ਅਤੇ ਉਸੇ ਸਮੇਂ ਨਮੂਨੇ ਦੀ ਪਰਖ ਕਰ ਸਕਣ ਦੀ ਸਮਰੱਥਾ। ਇਸ ਲਈ ਬੀ.ਸੀ. ਵਿਚ ਕੁੱਝ ਕੁ ਹਸਪਤਾਲਾਂ ਦੀਆਂ ਕਲੀਨਿਕ ਵਿਚ ਹੀ ਇਹ ਟੈੱਸਟ ਹੋ ਸਕਦਾ ਹੈ। ਕੁੱਝ ਹਾਲਤਾਂ ਵਿਚ ਇਹ ਟੈੱਸਟ ਕਰਵਾਉਣ ਲਈ ਤੁਹਾਨੂੰ ਸਫ਼ਰ ਕਰਨਾ ਪੈ ਸਕਦਾ ਹੈ। ਤੁਹਾਡੀ ਨਰਸ ਜਾਂ ਡਾਕਟਰ ਤੁਹਾਨੂੰ ਦੱਸ ਸਕਦੇ ਹਨ ਕਿ ਕਿ ਕਿਹੜੀ ਕਲੀਨਿਕ ਤੁਹਾਡੇ ਨਜ਼ਦੀਕ ਹੈ।

**ਬੀ.ਸੀ. ਵਿਚ ਜ਼ਿਆਦਾਤਰ ਖ਼ੂਨ ਟੈੱਸਟ ਮੁਫ਼ਤ ਹੁੰਦੇ ਹਨ।** ਕੰਮ ਅਤੇ ਸਕੂਲ ਲਈ ਟੀ.ਬੀ. ਖ਼ੂਨ ਟੈਸਟ ਦੀ ਫ਼ੀਸ ਲਗਦੀ ਹੈ।

## ਟੈੱਸਟ ਲਈ ਬੁਕਿੰਗ ਕਰਵਾਉਣੀ: (Booking the test:)

ਤੁਹਾਨੂੰ ਆਉਣ ਲਈ ਜਾਂ ਟੈੱਸਟ ਬੁੱਕ ਕਰਵਾਉਣ ਲਈ ਕਿਹਾ ਜਾ ਸਕਦਾ ਹੈ। ਇਹ ਇਸ ਗਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਕਲੀਨਿਕ ਵਿਚ ਗਏ ਹੋ। ਜੇ ਤੁਹਾਨੂੰ ਜ਼ਿੰਦਾ ਵੈਕਸੀਨ ਲੈਣ ਦੀ ਲੋੜ ਹੈ, ਤਾਂ ਟੈੱਸਟ ਉਸੇ ਦਿਨ ਜਾਂ ਵੈਕਸੀਨ ਲੈਣ ਤੋਂ 4 ਹਫ਼ਤਿਆਂ ਬਾਅਦ ਕੀਤਾ ਜਾਏਗਾ। ਜੇ ਕਰ ਤੁਸੀਂ ਹਾਲ ਵਿਚ ਹੀ ਵੈਕਸੀਨ ਲਿਆ ਸੀ ਤਾਂ ਆਪਣੀ ਨਰਸ ਜਾਂ ਡਾਕਟਰ ਨਾਲ ਗਲ ਕਰੋ।

## ਟੈੱਸਟ ਦੇ ਨਤੀਜੇ ਅਤੇ ਉਸ ਤੋਂ ਬਾਅਦ ਕਾਰਵਾਈ: (Test Results and Next Steps:)

ਟੈੱਸਟ ਦੇ ਨਤੀਜਿਆਂ ਲਈ ਆਮ ਤੌਰ ਤੇ 1-2 ਹਫ਼ਤੇ ਲੱਗ ਸਕਦੇ ਹਨ। ਆਪਣੀ ਨਰਸ ਜਾਂ ਡਾਕਟਰ ਨੂੰ ਪੁੱਛੋ ਕਿ ਤੁਹਾਨੂੰ ਨਤੀਜੇ ਕਿਵੇਂ ਪਤਾ ਲੱਗਣਗੇ।
**ਟੀ.ਬੀ. ਖ਼ੂਨ ਦੇ ਨੈਗੇਟਿਵ ਟੈੱਸਟ** ਦਾ ਮਤਲਬ ਹੈ ਕਿ ਤੁਹਾਡੇ ਸਰੀਰ ਵਿਚ ਟੀ.ਬੀ. ਦੇ ਜਰਮ ਨਹੀਂ। ਜੇ ਤੁਹਾਡੀ ਚਮੜੀ ਦਾ ਟੈੱਸਟ ਪਾਜੇਟਿਵ ਹੈ ਤਾਂ ਇਸ ਦਾ ਮਤਲਬ ਹੈ ਕਿ ਚਮੜੀ ਦਾ ਟੈੱਸਟ ਗਲਤ ਹੈ।



**ਟੀ.ਬੀ. ਖ਼ੂਨ ਦੇ ਪਾਜੇਟਿਵ ਟੈੱਸਟ** ਦਾ ਮਤਲਬ ਹੈ ਕਿ ਤੁਹਾਡੇ ਸਰੀਰ ਵਿਚ ਟੀ.ਬੀ. ਦੇ ਜਰਮ ਹੋਣ ਦੀ ਸੰਭਾਵਨਾ ਹੈ। ਤੁਹਾਡੀ ਨਰਸ ਜਾਂ ਡਾਕਟਰ ਤੁਹਾਨੂੰ:

- ਪੁੱਛ ਸਕਦੇ ਹਨ ਕਿ ਤੁਹਾਡੇ ਵਿਚ ਐਕਟਿਵ ਟੀ.ਬੀ. ਦੀ ਕੋਈ ਨਿਸ਼ਾਨੀ ਜਾਂ ਲੱਛਣ ਹਨ
- ਛਾਤੀ ਦਾ ਐਕਸਰੇ ਕਰਵਾਉਣ ਲਈ ਕਹਿ ਸਕਦੇ ਹਨ
- ਟੀ.ਬੀ. ਦੀ ਬਿਮਾਰੀ ਦੀ ਅਣਹੋਂਦ ਸਾਬਤ ਕਰਨ ਲਈ ਜੇ ਜ਼ਰੂਰਤ ਹੋਵੇ ਤਾਂ ਤੁਹਾਡੀ ਥੁੱਕ ਦਾ ਨਮੂਨਾ ਲੈ ਸਕਦੇ ਹਨ (ਬਲਗਮ ਜਾਂ ਫੇਫੜਿਆਂ ਦਾ ਚਿਪਚਿਪਾ ਮਾਦਾ),

ਹੋਰ ਜ਼ਿਆਦਾ ਜਾਣਕਾਰੀ ਲਈ www.bccdc.ca/TBVideoEnglish ਤੇ ਜਾ ਕੇ "ਟੀ.ਬੀ. ਜਰਮ: ਇੱਕ ਚਤਰ ਵਿਸ਼ਵ ਯਾਤਰੀ"  ਦੇਖੋ। ਇਹ ਕੋਰੀਅਨ, ਮੈਂਡਰੀਅਨ, ਪੰਜਾਬੀ. ਟੈਗਲਾਗ ਅਤੇ ਵਿਅਤਨਾਮੀ ਵਿਚ ਵੀ ਉਪਲਬਧ ਹੈ।